# HIV ਨਾਲ ਜੀਵਨ ਬਸਰ ਕਰਨਾ:ਆਪਣੇ ਅਧਿਕਾਰਾਂ ਨੂੰ ਜਾਣੋ

Canadian HIV/AIDS Legal Network | Réseau juridique canadien VIH/sida

# ਖੁਲਾਸਾ ਅਤੇ

# ਸੈਕੰਡਰੀ ਦੇ ਬਾਅਦ ਦੀ ਸਿੱਖਿਆ

## ਸਵਾਲ ਅਤੇ ਜਵਾਬ

### 1. ਕਿਸੇ ਪੋਸਟ-ਸੈਕੰਡਰੀ ਸੰਸਥਾ ਵਿਖੇ ਇੱਕ ਵਿਦਿਆਰਥੀ ਵਜੋਂ, ਕੀ ਮੈਨੂੰ ਇਹ ਖੁਲਾਸਾ ਕਰਨਾ ਪਵੇਗਾ ਕਿ ਮੈਨੂੰ HIV ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਕਿਸੇ ਪੋਸਟ-ਸੈਕੰਡਰੀ ਸੰਸਥਾ (ਉਦਾਹਰਨ ਲਈ ਕਿੱਤਾ ਸਕੂਲ, ਨੌਕਰੀ ਸਿਖਲਾਈ ਪ੍ਰੋਗਰਾਮ, ਕਾਲਜ ਜਾਂ ਯੂਨੀਵਰਸਿਟੀ) ਨੂੰ ਇਹ ਦੱਸਣ ਦੀ ਕੋਈ ਕਨੂੰਨੀ ਜਿੰਮੇਵਾਰੀ ਨਹੀਂ ਹੁੰਦੀ ਕਿ ਤੁਹਾਨੂੰ HIV ਹੈ। ਕੀ ਤੁਸੀਂ ਸਕੂਲ ਵਿਖੇ ਆਪਣੀ HIV ਅਵਸਥਾ ਦਾ ਖੁਲਾਸਾ ਕਰਦੇ ਹੋ, ਜਾਂ ਕਿਸਨੂੰ ਕਰਦੇ ਹੋ, ਇਹ ਪੂਰੀ ਤਰ੍ਹਾਂ ਤੁਹਾਡੀ ਮਰਜ਼ੀ ਹੋਣੀ ਚਾਹੀਦੀ ਹੈ। ਤੁਹਾਡੀ ਨਿੱਜੀ ਸੇਹਤ ਜਾਣਕਾਰੀ, ਜਿਸ ਵਿੱਚ ਤੁਹਾਡੀ HIV ਅਵਸਥਾ ਸ਼ਾਮਲ ਹੈ, ਗੁਪਤ, ਨਿੱਜੀ ਜਾਣਕਾਰੀ ਹੁੰਦੀ ਹੈ।

HIV ਆਮ ਸੰਪਰਕ ਰਾਹੀਂ ਨਹੀਂ ਫੈਲਦਾ, ਇਸ ਕਰਕੇ ਆਮ ਤੌਰ ’ਤੇ ਕਿਸੇ ਸਿੱਖਿਆ ਸੰਸਥਾ ਵਾਸਤੇ ਖੁਲਾਸਾ ਲੋੜਨ ਦਾ ਕੋਈ ਕਾਰਨ ਨਹੀਂ ਹੁੰਦਾ। ਕੈਨੇਡਾ ਦੇ ਮਨੁੱਖੀ ਅਧਿਕਾਰਾਂ ਸਬੰਧੀ ਕਨੂੰਨ ਸੇਵਾਵਾਂ ਪ੍ਰਦਾਨ ਕਰਦੇ ਸਮੇਂ, ਜਿੰਨ੍ਹਾਂ ਵਿੱਚ ਸਿੱਖਿਆ ਵੀ ਸ਼ਾਮਲ ਹੈ, ਅਪੰਗਤਾ ਦੇ ਆਧਾਰ ’ਤੇ ਭੇਦਭਾਵ ਦੀ ਮਨਾਹੀ ਕਰਦੇ ਹਨ। ਕਨੂੰਨ ਤਹਿਤ HIV ਅਤੇ AIDS ਨੂੰ ਅਪੰਗਤਾਵਾਂ ਮੰਨਿਆ ਜਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਕੋਈ ਸਿੱਖਿਆ ਸੰਸਥਾ ਤੁਹਾਡੀ HIV ਅਵਸਥਾ ਬਾਰੇ ਜਾਣਨ ਲਈ ਬੇਨਤੀ ਨਹੀਂ ਕਰ ਸਕਦੀ, ਬਿਲਕੁੱਲ ਉਸ ਤਰ੍ਹਾਂ ਜਿਵੇਂ ਇਹ ਤੁਹਾਡੇ ਜਿਨਸੀ ਝੁਕਾਓ, ਵਿਆਹੁਤਾ ਅਵਸਥਾ, ਧਰਮ, ਜਾਂ ਹੋਰ ਏਹੋ ਜਿਹੀਆਂ ਨਿੱਜੀ ਖਾਸੀਅਤਾਂ ਬਾਰੇ ਨਹੀਂ ਪੁੱਛ ਸਕਦੀ। ਕਿਸੇ ਪੜ੍ਹਾਈ ਦੇ ਪ੍ਰੋਗਰਾਮ ਵਿੱਚ ਸਵੀਕ੍ਰਿਤੀ ਜਾਂ ਨਿਰੰਤਰਤਾ ਦੀ ਸ਼ਰਤ ਵਜੋਂ ਇਸ ਜਾਣਕਾਰੀ ਦੀ ਬੇਨਤੀ ਕਰਨਾ ਕਿਸੇ ਸਕੂਲ ਵਾਸਤੇ ਗੈਰ-ਕਨੂੰਨੀ ਭੇਦਭਾਵ ਹੋਵੇਗਾ।

ਪਰ ਇਹ ਨੋਟ ਕਰੋ ਕਿ, ਜੇ ਤੁਸੀਂ ਕਿਸੇ ਸਿਹਤ ਸੰਭਾਲ ਪ੍ਰੋਗਰਾਮ ਵਿੱਚ ਪੜ੍ਹਾਈ ਕਰ ਰਹੇ ਹੋ, ਤਾਂ ਇਸ ਆਮ ਨਿਯਮ ਵਾਸਤੇ ਕੁਝ ਅਪਵਾਦ ਹੋ ਸਕਦੇ ਹਨ ਕਿ ਤੁਹਾਡੇ ਵਾਸਤੇ ਖੁਲਾਸਾ ਕਰਨਾ ਜ਼ਰੂਰੀ ਨਹੀਂ (ਹੇਠਾਂ ਦੇਖੋ)।

**2. ਜੇ ਮੈਂ ਕਿਸੇ ਸਿਹਤ ਸੰਭਾਲ ਖੇਤਰ ਵਿੱਚ ਪੜ੍ਹਾਈ ਕਰ ਰਿਹਾ/ਰਹੀ ਹੋਵਾਂ ਤਾਂ ਕੀ? ਕੀ ਮੈਨੂੰ ਆਪਣੇ ਕਾਲਜ/ਯੂਨੀਵਰਸਿਟੀ, ਅਧਿਆਪਕ, ਪ੍ਰੋਫੈਸਰ, ਸਿੱਖਿਅਕ (mentor) ਜਾਂ ਉਪਦੇਸ਼ਕ (preceptor) ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਮੈਨੂੰ HIV ਹੈ?**

ਪ੍ਰੋਗਰਾਮਾਂ ਦੀ ਇੱਕ ਵੱਡੀ ਬਹੁਤਾਤ ਵਿੱਚ ਪੜ੍ਹਾਈ ਕਰਦੇ ਸਮੇਂ, ਵਿਦਿਆਰਥੀਆਂ ਨੂੰ ਇਹ ਨਹੀਂ ਪੁੱਛਿਆ ਜਾਵੇਗਾ ਕਿ ਕੀ ਉਹਨਾਂ ਨੂੰ HIV ਹੈ। ਪਰ, ਜੇ ਵਿਦਿਆਰਥੀ ਕੁਝ ਵਿਸ਼ੇਸ਼ ਸਿਹਤ ਪੇਸ਼ਿਆਂ ਵਿੱਚ ਸਿਖਲਾਈ ਲੈ ਰਹੇ ਹੋਣ ਜਿੱਥੇ HIV ਦੇ ਫੈਲਣ ਦੀ (ਬਹੁਤ ਘੱਟ) ਸੰਭਾਵਨਾ ਹੈ, ਜਿਵੇਂ ਕਿ ਮੈਡੀਸਨ ਅਤੇ ਦੰਦ-ਚਿਕਿਤਸਾ, ਤਾਂ ਉਹਨਾਂ ਨੂੰ ਖੁਲਾਸਾ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ਾਸ਼ਨ ਜਾਂ ਤਾਂ ਛੂਤ ਦੀਆਂ ਬਿਮਾਰੀਆਂ ਦੇ ਸਵੈ-ਇੱਛਤ ਖੁਲਾਸੇ ਵਾਸਤੇ ਬੇਨਤੀ ਕਰ ਸਕਦਾ ਹੈ ਅਤੇ ਉਮੀਦ ਕਰ ਸਕਦਾ ਹੈ, ਜਾਂ ਫਿਰ ਡਾਕਟਰੀ ਦਸਤਾਵੇਜ਼ ਲੋੜ ਸਕਦਾ ਹੈ ਜਿੰਨ੍ਹਾਂ ਵਿੱਚ ਹਾਲੀਆ HIV ਟੈਸਟ ਦੇ ਨਤੀਜੇ ਸ਼ਾਮਲ ਹੁੰਦੇ ਹਨ।

ਅਕਸਰ, ਵਿਦਿਆਰਥੀਆਂ ਨੂੰ ਕਾਲਜ ਜਾਂ ਯੂਨੀਵਰਸਿਟੀ ਵਿਖੇ ਖੁਲਾਸਾ ਕਰਨ ਲਈ ਕਿਹਾ ਜਾਂਦਾ ਹੈ ਜੇਕਰ ਉਹ ਅਜਿਹੇ ਸਿਹਤ ਪੇਸ਼ਿਆਂ ਵਿੱਚ ਪੜ੍ਹਾਈ ਕਰ ਰਹੇ ਹੋਣ ਜਿੱਥੇ ਪੇਸ਼ੇਵਰਾਨਾ ਵਿਵਹਾਰ ਦਾ ਜ਼ਾਬਤਾ ਗਰੈਜੂਏਸ਼ਨ ਦੇ ਬਾਅਦ ਪ੍ਰੈਕਟਿਸ ਕਰਨ ਲਈ ਖੁਲਾਸਾ ਲੋੜਦਾ ਹੈ। ਉਦਾਹਰਨ ਲਈ, ਓਨਟੈਰੀਓ ਦੇ ਕਾਲਜ ਆਫ ਫਿਜੀਸ਼ੀਅਨਜ਼ ਐਂਡ ਸਰਜਨਜ਼ ਦੀ ਇੱਕ ਨੀਤੀ ਹੈ ਜੋ ਉਹਨਾਂ ਡਾਕਟਰਾਂ ਕੋਲੋਂ ਖੁਲਾਸਾ ਲੋੜਦੀ ਹੈ ਜਿੰਨ੍ਹਾਂ ਨੂੰ HIV ਜਾਂ ਹੈਪਾਟਾਈਟਸ ਬੀ ਜਾਂ ਹੈਪਾਟਾਈਟਸ ਸੀ ਹੈ ਅਤੇ ਜਿੰਨ੍ਹਾਂ ਦੀ ਪ੍ਰੈਕਟਿਸ ਵਿੱਚ "ਸੰਪਰਕ-ਮੁਖੀ ਪ੍ਰਕਿਰਿਆਵਾਂ" (exposure-prone procedures) ਸ਼ਾਮਲ ਹਨ। (ਇਹ ਚੀਰ-ਫਾੜ ਵਾਲੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ ਜਿੱਥੇ ਇਸ ਗੱਲ ਦਾ ਖਤਰਾ ਹੁੰਦਾ ਹੈ ਕਿ ਕੋਈ ਸਿਹਤ ਸੰਭਾਲ ਵਰਕਰ ਕਿਸੇ ਤਿੱਖੇ ਔਜ਼ਾਰ ਜਾਂ ਕਿਸੇ ਸਰੀਰਕ ਖੋਲ ਜਾਂ ਜਖ਼ਮ ਵਿਚਲੇ ਟਿਸ਼ੂ ਕਰਕੇ ਜਖ਼ਮੀ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਮਰੀਜ਼ ਨੂੰ ਵਰਕਰ ਦੇ ਖੂਨ ਦੇ ਸੰਪਰਕ ਵਿੱਚ ਲਿਆ ਸਕਦਾ ਹੈ।) ਜ਼ਿਆਦਾਤਰ ਸੂਬਿਆਂ ਵਿੱਚ ਇਹੋ ਜਿਹੀਆਂ ਨੀਤੀਆਂ ਮੌਜੂਦ ਹਨ।

ਪੜ੍ਹਾਈ ਦੇ ਇਹਨਾਂ ਪ੍ਰੋਗਰਾਮਾਂ ਵਿੱਚ, ਪ੍ਰੈਕਟੀਕਲ ਤਜ਼ਰਬੇ ਵਾਲੀ ਸਿਖਲਾਈ ਤੋਂ ਪਹਿਲਾਂ, ਜਿਵੇਂ ਕਿ ਕਈ ਕਲੀਨਿਕੀ ਸਥਾਪਨਾਵਾਂ ਵਿੱਚ ਪਲੇਸਮੈਂਟਾਂ ਤੋਂ ਪਹਿਲਾਂ, ਵਿਦਿਆਰਥੀਆਂ ਕੋਲੋਂ ਛੂਤਕਾਰੀ ਬਿਮਾਰੀਆਂ ਬਾਰੇ ਨਿੱਜੀ ਸਿਹਤ ਜਾਣਕਾਰੀ ਦੀ ਬੇਨਤੀ ਕੀਤੀ ਜਾ ਸਕਦੀ ਹੈ। ਜਿਸ ਵਿਅਕਤੀ ਨੂੰ ਡਾਕਟਰੀ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਹੈ, ਉਹ ਵੱਖੋ ਵੱਖ ਸੰਸਥਾਵਾਂ ਵਿੱਚ ਵੱਖ-ਵੱਖ ਹੋ ਸਕਦਾ ਹੈ। ਉਦਾਹਰਨ ਲਈ, ਇਹ ਕੋਈ ਸਿੱਧਾ ਸੁਪਰਵਾਈਜ਼ਰ ਹੋ ਸਕਦਾ ਹੈ ਜਾਂ ਸਕੂਲ ਦਾ ਡੀਨ। ਕਾਲਜ ਜਾਂ ਯੂਨੀਵਰਸਿਟੀ ਕੋਲੋਂ ਤੁਹਾਡੇ ਪ੍ਰੋਗਰਾਮ ਦੀਆਂ ਸਟੀਕ ਲੋੜਾਂ ਦੀ ਪੁਸ਼ਟੀ ਕਰੋ।

ਕਵੀਬੈੱਕ ਵਿੱਚ, ਇੰਸਟੀਟਿਊਟ ਨੈਸ਼ਨਲ ਡੀ ਸਾਂਟੇ ਪਬਲੀਕ ਡੂ ਕਵੀਬੈੱਕ (INSPQ) ਇੱਕ ਵਿਸ਼ੇਸ਼ ਬਲੱਡ-ਬੋਰਨ ਇਨਫੈਕਸ਼ਨ ਰਿਸਕ ਅਸੈੱਸਮੈਂਟ ਯੂਨਿਟ (Service d'évaluation des risques de transmission d'infections hématogènes, ਜਾਂ SERTIH) ਦੀ ਦੇਖਰੇਖ ਕਰਦੀ ਹੈ। ਕੁਝ ਵਿਸ਼ੇਸ਼ ਸਿਹਤ ਪੇਸ਼ਿਆਂ ਵਾਸਤੇ,

ਇਸ ਯੂਨਿਟ ਦਾ ਇੱਕ ਮਾਹਰ ਪੈਨਲ ਵਿਅਕਤੀਗਤ ਕੇਸਾਂ ਦੀ ਸਮੀਖਿਆ ਕਰੇਗਾ ਅਤੇ ਤੁਹਾਡੀ ਪ੍ਰੈਕਟਿਸ ਜਾਂ ਤੁਹਾਡੀ ਸਿਖਲਾਈ ਵਿੱਚ ਕਿਸੇ ਵਾਧਿਆਂ-ਘਾਟਿਆਂ ਬਾਰੇ ਸਿਫਾਰਸ਼ਾਂ ਕਰੇਗਾ ਜੋ ਜ਼ਰੂਰੀ ਅਤੇ ਸੰਭਵ ਹੋ ਸਕਦੇ ਹਨ। SERTIH ਜਾਣਕਾਰੀ ਨੂੰ ਤੁਹਾਡੀ ਸਿੱਖਿਆ ਸੰਸਥਾ (ਜਾਂ ਜੇ ਤੁਸੀਂ ਪਹਿਲਾਂ ਹੀ ਪ੍ਰੈਕਟਿਸ ਕਰ ਰਹੇ ਹੋ ਤਾਂ ਤੁਹਾਡੀ ਪੇਸ਼ੇਵਰਾਨਾ ਅਧਿਨਿਯਮਕ ਸੰਸਥਾ) ਨੂੰ ਭੇਜਦੀ ਹੈ। ਸਾਰੇ ਮਾਮਲਿਆਂ ਵਿੱਚ HIV ਦੇ ਖੁਲਾਸੇ ਦੀ ਲੋੜ ਨਹੀਂ ਹੁੰਦੀ, ਚਾਹੇ ਹੋਰਨਾਂ ਲਾਗਾਂ ਦੇ ਖੁਲਾਸੇ ਦੀ ਬੇਨਤੀ ਕੀਤੀ ਵੀ ਗਈ ਹੋਵੇ (ਉਦਾਹਰਨ ਲਈ, ਤਪਦਿਕ, ਹੈਪਾਟਾਈਟਸ ਏ)।

ਵਿਦਿਆਰਥੀ ਦੀ ਸਿਹਤ ਸਬੰਧੀ ਜਾਣਕਾਰੀ, ਜਿਸ ਵਿੱਚ HIV ਅਵਸਥਾ ਵੀ ਸ਼ਾਮਲ ਹੈ, ਵਿਦਿਆਰਥੀਆਂ ਨੂੰ ਅਲਹਿਦਾ ਕਰਨ ਲਈ ਵਰਤੇ ਜਾਣ ਵਾਸਤੇ ਨਹੀਂ ਹੈ ਸਗੋਂ ਇਹ ਯਕੀਨੀ ਬਣਾਉਣ ਲਈ ਹੈ ਕਿ ਜਦ ਵਿਦਿਆਰਥੀ ਸਿੱਖਦੇ ਹਨ ਅਤੇ ਮੁਹਾਰਤਾਂ ਦਾ ਅਭਿਆਸ ਕਰਦੇ ਹਨ, ਜਿਸ ਵਿੱਚ ਵਿਸ਼ੇਸ਼ ਕਰਕੇ “ਸੰਪਰਕ-ਮੁਖੀ ਪ੍ਰਕਿਰਿਆਵਾਂ” ਵੀ ਸ਼ਾਮਲ ਹਨ, ਤਾਂ ਉਸ ਸਮੇਂ ਛੂਤ ਫੈਲਣ ਦੇ ਖਤਰਿਆਂ ਨੂੰ ਘੱਟ ਤੋਂ ਘੱਟ ਕੀਤਾ ਜਾਂਦਾ ਹੈ। HIV ਨਾਲ ਜੀਵਨ ਬਸਰ ਕਰ ਰਹੇ ਵਿਦਿਆਰਥੀਆਂ ਵਾਸਤੇ, ਇੱਕ ਖਤਰੇ ਦੇ ਮੁਲਾਂਕਣ ਦਾ ਸੰਚਾਲਨ ਕੀਤਾ ਜਾ ਸਕਦਾ ਹੈ, ਸਲਾਹ-ਮਸ਼ਵਰਾ ਪ੍ਰਦਾਨ ਕੀਤਾ ਜਾ ਸਕਦਾ ਹੈ, ਅਤੇ ਵਿਦਿਆਰਥੀ ਦੀ ਪ੍ਰੈਕਟੀਕਲ ਸਿਖਲਾਈ ’ਤੇ ਸੀਮਾਵਾਂ ਲਗਾਈਆਂ ਜਾ ਸਕਦੀਆਂ ਹਨ। ਇਹਨਾਂ ਮਕਸਦਾਂ ਵਾਸਤੇ ਇਕੱਤਰ ਕੀਤੀ ਜਾਣਕਾਰੀ ਨੂੰ ਸਖਤੀ ਨਾਲ ਗੁਪਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਇਹਨਾਂ ਹੀ ਮਕਸਦਾਂ ਵਾਸਤੇ ਵਰਤਿਆ ਜਾਣਾ ਚਾਹੀਦਾ ਹੈ।

ਸਾਰੇ ਵਿਦਿਆਰਥੀਆਂ ਨੂੰ ਲਾਗ ਕੰਟਰੋਲ ਕਰਨ ਦੀਆਂ ਉਚਿਤ ਪ੍ਰਕਿਰਿਆਵਾਂ ਸਿਖਾਈਆਂ ਜਾਣੀਆਂ ਚਾਹੀਦੀਆਂ ਹਨ, ਚਾਹੇ ਉਹ ਕਿਸੇ ਤਸ਼ਖੀਸ ਕੀਤੀ ਛੂਤਕਾਰੀ ਬਿਮਾਰੀ ਨਾਲ ਜੀਵਨ ਬਸਰ ਕਰ ਰਹੇ ਹੋਣ ਜਾਂ ਨਾ। ਇਸਤੋਂ ਇਲਾਵਾ, HIV ਦੀ ਛੂਤ ਫੈਲਣ ਦਾ ਕੋਈ ਖਤਰਾ ਨਹੀਂ ਹੁੰਦਾ ਸਿਵਾਏ ਕੁਝ ਵਿਸ਼ੇਸ਼ ਸੰਪਰਕ-ਮੁਖੀ ਪ੍ਰਕਿਰਿਆਵਾਂ ਦੇ ਮਾਮਲੇ ਵਿੱਚ (ਅਤੇ ਤਾਂ ਵੀ, ਖਤਰਾ ਬੇਹੱਦ ਘੱਟ ਹੈ)। ਇਸ ਕਰਕੇ, ਜਦ ਤੱਕ ਗੱਲ ਉਹਨਾਂ ਹਾਲਾਤਾਂ ਤੱਕ ਸੀਮਤ ਨਹੀਂ ਹੈ ਜਿੱਥੇ ਤੁਸੀਂ ਆਪਣੀ ਸਿਖਲਾਈ ਦੇ ਭਾਗ ਵਜੋਂ ਅਜਿਹੀਆਂ ਪ੍ਰਕਿਰਿਆਵਾਂ ਕਰ ਰਹੇ ਹੋਵੋਂਗੇ, ਸਿੱਖਿਆ ਸੰਸਥਾਵਾਂ ਵੱਲੋਂ ਅਜਿਹੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਤੁਹਾਨੂੰ ਕੀਤੀਆਂ ਬੇਨਤੀਆਂ ਹੱਦੋਂ ਵੱਧ ਵਿਆਪਕ ਅਤੇ ਗੈਰ-ਵਾਜਬ ਹੋ ਸਕਦੀਆਂ ਹਨ।

ਪਰ ਫਿਰ ਵੀ, ਜੇ ਤੁਸੀਂ ਇਹਨਾਂ ਪ੍ਰੋਗਰਾਮਾਂ ਵਿੱਚੋਂ ਕਿਸੇ ਵਿੱਚ ਇੱਕ ਵਿਦਿਆਰਥੀ ਹੋ ਅਤੇ HIV ਦੇ ਨਾਲ ਜੀਵਨ ਬਸਰ ਕਰ ਰਹੇ ਹੋ, ਤਾਂ ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਤੁਸੀਂ ਪੜਤਾਲੀਆ ਸਵਾਲਾਂ ਜਾਂ ਡਾਕਟਰੀ ਜਾਣਕਾਰੀ ਵਾਸਤੇ ਬੇਨਤੀ ਦਾ ਜਵਾਬ ਕਿਵੇਂ ਦੇਵੋਂਗੇ। ਤੁਸੀਂ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਾਉਣ ਦੀ ਚੋਣ ਕਰ ਸਕਦੇ ਹੋ ਪਰ ਇਹ ਦਰਸਾਉਂਦਾ ਇੱਕ ਪੱਤਰ ਸ਼ਾਮਲ ਕਰੋ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਖੁਲਾਸੇ ਦੀ ਲੋੜ ਹੱਦੋਂ ਵੱਧ ਵਿਆਪਕ ਹੈ ਅਤੇ ਇਸ ਗੱਲ ’ਤੇ ਜੋਰ ਦਿਓ ਕਿ ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇ। ਇਹ ਦਰਸਾਉਂਦੇ ਹੋਏ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਤੁਹਾਡੀ ਪਰਦੇਦਾਰੀ ਵਿੱਚ ਇੱਕ ਨਾਜਾਇਜ਼ ਦਖਲ ਹੈ, ਤੁਸੀਂ ਬੇਨਤੀ ਕੀਤੀ ਜਾਣਕਾਰੀ ਨੂੰ ਪ੍ਰਦਾਨ ਕਰਾਉਣ ਤੋਂ ਇਨਕਾਰ ਕਰਨ ਦੀ ਚੋਣ ਕਰ ਸਕਦੇ ਹੋ।

ਚਾਹੇ ਤੁਸੀਂ ਕੁਝ ਵੀ ਕਰਨ ਦੀ ਚੋਣ ਕਰਦੇ ਹੋ, ਤੁਹਾਨੂੰ ਇਸ ਗੱਲ ਨੂੰ ਵਿਚਾਰਨਾ ਚਾਹੀਦਾ ਹੈ ਕਿ ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਬੇਨਤੀ ਦਿੱਤੇ ਗਏ ਹਾਲਾਤਾਂ ਵਿੱਚ ਬੇਹੱਦ ਵਿਆਪਕ ਹੈ, ਕੀ ਤੁਸੀਂ ਇਸਨੂੰ ਅਤੇ ਤੁਹਾਡੀ ਸਿੱਖਿਆ ਅਤੇ ਪੇਸ਼ੇ 'ਤੇ ਪੈਣ ਵਾਲੇ ਇਸਦੇ ਸੰਭਾਵੀ ਅਸਰਾਂ ਨੂੰ ਚੁਣੌਤੀ ਦੇਣ ਲਈ ਤਿਆਰ ਹੋ (ਉਦਾਹਰਨ ਲਈ, ਇੱਕ ਮਨੁੱਖੀ ਅਧਿਕਾਰਾਂ ਵਾਸਤੇ ਸ਼ਿਕਾਇਤ ਕਰਕੇ)। ਇੱਕ ਏਡਜ਼-ਸੇਵਾ ਸੰਸਥਾ ਜਾਂ ਕਨੂੰਨੀ ਕਲੀਨਿਕ ਤੁਹਾਡੇ ਵਿਕਲਪਾਂ ਦਾ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ।

### 3. ਕੀ ਮੈਂ ਆਪਣੀ ਬਿਮਾਰੀ ਜਾਂ HIV-ਅਵਸਥਾ ਨਾਲ ਸਬੰਧਿਤ ਸੀਮਾਵਾਂ ਦੇ ਕਰਕੇ, ਅੰਤਿਮ ਤਾਰੀਖ਼ਾਂ ਅਤੇ ਵਿੱਦਿਅਕ ਟੀਚਿਆਂ ਦੀ ਪੂਰਤੀ ਕਰਨ ਲਈ ਵਧੀਕ ਮਦਦ ਦੀ ਬੇਨਤੀ ਕਰ ਸਕਦਾ/ਦੀ ਹਾਂ?

ਹਾਂ। ਅਪੰਗਤਾਵਾਂ ਨਾਲ ਜੀਵਨ ਬਸਰ ਕਰ ਰਹੇ ਵਿਦਿਆਰਥੀਆਂ ਵਾਸਤੇ ਬਰਾਬਰਤਾ ਨੂੰ ਯਕੀਨੀ ਬਣਾਉਣ ਲਈ, ਪੋਸਟ-ਸੈਕੰਡਰੀ ਸੰਸਥਾਵਾਂ ਉਹਨਾਂ ਵਿਦਿਆਰਥੀਆਂ ਨੂੰ ਅਨੁਕੂਲਤਾਵਾਂ ਪ੍ਰਦਾਨ ਕਰਾਉਣ ਲਈ ਜਿੰਮੇਵਾਰ ਹੁੰਦੀਆਂ ਹਨ ਜਿੰਨ੍ਹਾਂ ਨੂੰ ਅਪੰਗਤਾ ਕਰਕੇ ਇਹਨਾਂ ਦੀ ਲੋੜ ਹੁੰਦੀ ਹੈ। ਇਹ ਜਿੰਮੇਵਾਰੀ ਜਨਤਕ ਅਤੇ ਨਿੱਜੀ ਫ਼ੰਡ ਸਹਾਇਤਾ ਪ੍ਰਾਪਤ, ਦੋਨੋਂ ਤਰ੍ਹਾਂ ਦੇ ਸਕੂਲਾਂ 'ਤੇ ਲਾਗੂ ਹੁੰਦੀ ਹੈ। ਜੇ ਬੇਨਤੀ ਕੀਤੀ ਗਈ ਅਨੁਕੂਲਤਾ ਸੰਸਥਾ ਵਾਸਤੇ "ਨਾਜਾਇਜ਼ ਮੁਸ਼ਕਿਲ" ਦਾ ਕਾਰਨ ਬਣੇਗੀ – ਮਤਲਬ ਇਸਨੂੰ ਲਾਗੂ ਕਰਨਾ ਬਹੁਤ ਮੁਸ਼ਕਿਲ ਜਾਂ ਖ਼ਰਚੀਲਾ ਹੋਵੇਗਾ - ਤਾਂ ਸੰਸਥਾ ਕੋਲੋਂ ਇਸਨੂੰ ਪ੍ਰਦਾਨ ਕਰਾਉਣਾ ਨਹੀਂ ਲੋੜਿਆ ਜਾਂਦਾ। ਪਰ ਇਸਨੂੰ ਲਾਜ਼ਮੀ ਤੌਰ 'ਤੇ ਇਹ ਸਾਬਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਅਜਿਹਾ ਹੋਵੇਗਾ।

ਅਨੁਕੂਲਤਾ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ, ਇਸਨੂੰ ਸਮੇਂ ਸਿਰ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ, ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਅਤੇ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਜੇਕਰ ਜ਼ਰੂਰੀ ਹੋਵੇ ਤਾਂ ਸਮਾਂ ਪਾਕੇ ਇਸਨੂੰ ਬਦਲਿਆ ਜਾ ਸਕੇ। ਅਕਾਦਮਿਕ ਅਨੁਕੂਲਤਾ ਦਾ ਮਤਲਬ ਹੋ ਸਕਦਾ ਹੈ ਅਧਿਆਪਨ ਅਤੇ ਮੁਲਾਂਕਣ ਦੀਆਂ ਪ੍ਰਕਿਰਿਆਵਾਂ ਵਿੱਚ ਵਾਧ-ਘਾਟ ਕਰਨਾ ਤਾਂ ਜੋ ਅਪੰਗਤਾ ਵਾਲੇ ਵਿਦਿਆਰਥੀ ਦੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ ਅਤੇ ਵਿਦਿਆਰਥੀ ਨੂੰ ਹੋਰਨਾਂ ਵਿਦਿਆਰਥੀਆਂ ਦੇ ਨਾਲ ਇੱਕ ਸਾਂਵੇਂ ਪੱਧਰ 'ਤੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਦੇ ਯੋਗ ਬਣਾਇਆ ਜਾ ਸਕੇ। ਉਦਾਹਰਨ ਲਈ, ਕੋਈ ਵਿਦਿਆਰਥੀ ਜਿਸਨੂੰ ਅਜਿਹੀ ਸਿਹਤ ਬਿਮਾਰੀ ਹੈ ਜਿਸਦਾ ਨਤੀਜਾ ਗੈਰ-ਸਾਧਾਰਨ ਥਕਾਵਟ ਦੇ ਰੂਪ ਵਿੱਚ ਨਿਕਲਦਾ ਹੈ, ਉਸਨੂੰ ਟੈਸਟਾਂ ਜਾਂ ਸੌਂਪੇ ਗਏ ਕਾਰਜਾਂ ਨੂੰ ਪੂਰਾ ਕਰਨ ਲਈ ਵਾਧੂ ਸਮਾਂ ਦਿੱਤਾ ਜਾ ਸਕਦਾ ਹੈ।

ਅਨੁਕੂਲਤਾ ਵਾਸਤੇ ਯੋਗ ਹੋਣ ਲਈ, ਤੁਹਾਨੂੰ ਸਕੂਲ ਨੂੰ ਇਹ ਦੱਸਣ ਦੀ ਲੋੜ ਹੈ ਕਿ ਤੁਹਾਨੂੰ ਇੱਕ ਅਪੰਗਤਾ ਹੈ ਅਤੇ ਉਚਿਤ ਦਸਤਾਵੇਜ਼ ਪ੍ਰਦਾਨ ਕਰਵਾਓ (ਉਦਾਹਰਨ ਲਈ ਤੁਹਾਡੇ ਡਾਕਟਰ ਵੱਲੋਂ ਇੱਕ ਪੱਤਰ) ਜੋ ਪ੍ਰੋਗਰਾਮ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਤੁਹਾਨੂੰ ਲੋੜੀਂਦੀ ਅਨੁਕੂਲਤਾ ਦਾ ਵਰਣਨ ਕਰਦੇ ਹੋਣ। ਅਨੁਕੂਲਤਾ ਹਾਸਲ ਕਰਨ ਲਈ ਤੁਹਾਨੂੰ ਆਪਣੀ ਵਿਸ਼ੇਸ਼ ਡਾਕਟਰੀ ਬਿਮਾਰੀ(ਆਂ), ਜਿਵੇਂ ਕਿ HIV, ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੁੰਦੀ।

ਪਰ, ਜੇ ਤੁਸੀਂ ਉਚਿਤ ਡਾਕਟਰੀ ਜਾਣਕਾਰੀ ਪ੍ਰਦਾਨ ਨਹੀਂ ਕਰਾਉਂਦੇ, ਤਾਂ ਹੋ ਸਕਦਾ ਹੈ ਸੰਸਥਾ ਤੋਂ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਨਾ ਨਾ ਲੋੜਿਆ ਜਾਵੇ।

ਬਹੁਤ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਵਾਸਤੇ ਅਪੰਗਤਾ ਸਰੋਤ ਕੇਂਦਰ ਜਾਂ ਦਫਤਰ ਹੁੰਦੇ ਹਨ ਜੋ ਲੋੜ ਪੈਣ ’ਤੇ, ਤੁਹਾਡੀਆਂ ਪੜ੍ਹਾਈਆਂ ਪੂਰੀਆਂ ਕਰਨ ਲਈ ਤੁਹਾਨੂੰ ਅਨੁਕੂਲਤਾ ਹਾਸਲ ਕਰਨ ਵਿੱਚ ਮਦਦ ਕਰ ਸਕਦੇ ਹਨ। ਕੈਂਪਸ ਦੀਆਂ ਅਪੰਗਤਾ ਸੇਵਾਵਾਂ ਦੀ ਇੱਕ ਡਾਇਰੈਕਟਰੀ ਨੈਸ਼ਨਲ ਐਜੂਕੇਸ਼ਨਲ ਐਸੋਸੀਏਸ਼ਨ ਆਫ ਡਿਸਏਬਲਡ ਸਟੂਡੈਂਟਸ (NEADS) ਰਾਹੀਂ ਉਪਲਬਧ ਹੈ (ਹੇਠਾਂ ਦੇਖੋ)।

ਅਕਾਦਮਿਕ ਅਨੁਕੂਲਤਾ ਤੁਹਾਡੀ ਸਿੱਖਿਆ ਦੇ ਪ੍ਰੋਗਰਾਮ ਅੰਦਰ ਜ਼ਰੂਰੀ ਪ੍ਰੋਗਰਾਮ ਲੋੜਾਂ ਜਾਂ ਉਮੀਦਾਂ ਨੂੰ ਨਹੀਂ ਬਦਲਦੀ। ਤੁਹਾਨੂੰ ਅਜੇ ਵੀ ਟੈਸਟ ਜਾਂ ਇਮਤਿਹਾਨ ਪਾਸ ਕਰਨ, ਸੌਂਪੇ ਗਏ ਕਾਰਜ ਪੇਸ਼ ਕਰਨ ਅਤੇ ਇਹ ਦਿਖਾਉਣ ਦੀ ਲੋੜ ਹੋਵੇਗੀ ਕਿ ਤੁਸੀਂ ਲੋੜੀਂਦੀਆਂ ਮੁਹਾਰਤਾਂ ਹਾਸਲ ਕਰ ਲਈਆਂ ਹਨ।

### 4. ਕੀ ਮੈਨੂੰ ਆਪਣੇ ਜਮਾਤੀਆਂ ਕੋਲ ਇਹ ਖੁਲਾਸਾ ਕਰਨ ਦੀ ਲੋੜ ਹੈ ਕਿ ਮੈਨੂੰ HIV ਹੈ?

ਤੁਹਾਡੇ ਵਾਸਤੇ ਆਪਣੇ ਜਮਾਤੀਆਂ ਕੋਲ ਇਹ ਖੁਲਾਸਾ ਕਰਨਾ ਜ਼ਰੂਰੀ ਨਹੀਂ ਹੈ ਕਿ ਤੁਹਾਨੂੰ HIV ਹੈ। ਰਸਮੀ ਸੰਪਰਕ ਰਾਹੀਂ HIV ਨੂੰ ਨਹੀਂ ਫੈਲਾਇਆ ਜਾ ਸਕਦਾ। ਇਹ ਫੈਸਲਾ ਕਰਨਾ ਤੁਹਾਡੀ ਮਰਜ਼ੀ ਹੈ ਕਿ ਕੀ ਤੁਸੀਂ ਇਸ ਜਾਣਕਾਰੀ ਨੂੰ ਹੋਰਨਾਂ ਵਿਦਿਆਰਥੀਆਂ ਦੇ ਨਾਲ ਸਾਂਝੀ ਕਰਨੀ ਚਾਹੁੰਦੇ ਹੋ।

### 5. ਜੇ ਮੈਂ ਸਕੂਲ ਵਿਖੇ ਕਿਸੇ ਨੂੰ ਦੱਸਦਾ ਹਾਂ ਕਿ ਮੈਨੂੰ HIV ਹੈ, ਤਾਂ ਕੀ ਉਹਨਾਂ ਲਈ ਇਸਨੂੰ ਗੁਪਤ ਰੱਖਣਾ ਜ਼ਰੂਰੀ ਹੈ?

ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸਨੂੰ ਦੱਸਦੇ ਹੋ।

ਜੇ ਤੁਸੀਂ ਆਪਣੀ HIV ਅਵਸਥਾ ਬਾਰੇ ਕਿਸੇ ਪੋਸਟ-ਸੈਕੰਡਰੀ ਸੰਸਥਾ ਵਿਖੇ ਕਿਸੇ ਅਧਿਆਪਕ, ਡੀਨ, ਉਪਦੇਸ਼ਕ, ਸਲਾਹਕਾਰ, ਰਿਹਾਇਸ਼ੀ ਅਮਲੇ, ਪ੍ਰਸ਼ਾਸ਼ਕੀ ਅਮਲੇ, ਜਾਂ ਅਧਿਕਾਰਿਤ ਸਮਰੱਥਾ ਵਿੱਚ ਕੰਮ ਕਰਦੇ ਹੋਰ ਲੋਕਾਂ ਨੂੰ ਖੁਲਾਸਾ ਕਰਦੇ ਹੋ, ਤਾਂ ਉਸ ਵਿਅਕਤੀ ਨੂੰ ਲਾਜ਼ਮੀ ਤੌਰ ’ਤੇ ਇਸ ਜਾਣਕਾਰੀ ਨੂੰ ਗੁਪਤ ਰੱਖਣਾ ਚਾਹੀਦਾ ਹੈ। ਕਨੂੰਨੀ ਤੌਰ ’ਤੇ, ਕੋਈ ਸੰਸਥਾ ਦੁਰਲੱਭ ਹਾਲਾਤਾਂ ਨੂੰ ਛੱਡਕੇ, ਕਿਸੇ ਵਿਦਿਆਰਥੀ ਦੀ HIV ਅਵਸਥਾ ਬਾਰੇ ਜਾਣਕਾਰੀ (ਜਾਂ ਹੋਰ ਡਾਕਟਰੀ ਜਾਣਕਾਰੀ) ਦਾ ਖੁਲਾਸਾ ਵਿਦਿਆਰਥੀ ਦੀ ਸਹਿਮਤੀ ਤੋਂ ਬਿਨਾਂ ਹੋਰਨਾਂ (ਉਦਾਹਰਨ ਲਈ ਮਾਪਿਆਂ, ਅਧਿਆਪਕਾਂ, ਹੋਰ ਵਿਦਿਆਰਥੀਆਂ, ਸੰਭਾਵਿਤ ਰੁਜ਼ਗਾਰਦਾਤਾਵਾਂ ਆਦਿ) ਨੂੰ ਨਹੀਂ ਕਰ ਸਕਦੀ। ਜੇ ਤੁਹਾਡੀ HIV ਅਵਸਥਾ ਨੂੰ ਸਕੂਲ ਦੀਆਂ ਸਿਹਤ ਸੇਵਾਵਾਂ ਜਾਂ ਸਲਾਹਕਾਰੀ ਸੇਵਾਵਾਂ ਵਿਖੇ ਤੁਹਾਡੀ ਫਾਈਲ ਵਿੱਚ ਰਿਕਾਰਡ ਕੀਤਾ ਗਿਆ ਹੈ, ਤਾਂ ਇਸਨੂੰ ਗੁਪਤ ਜਾਣਕਾਰੀ ਮੰਨਿਆ ਜਾਂਦਾ ਹੈ ਅਤੇ ਇਸਨੂੰ ਸੰਸਥਾ ਦੇ ਹੋਰ ਵਿਭਾਗਾਂ ਦੇ ਨਾਲ ਸਾਂਝਾ ਨਹੀਂ ਕੀਤਾ ਜਾਣਾ ਚਾਹੀਦਾ।

ਪਰ, ਤੁਹਾਡੀ HIV ਅਵਸਥਾ ਨੂੰ ਗੁਪਤ ਰੱਖਣ ਲਈ ਇਹ ਜਿੰਮੇਵਾਰੀਆਂ ਜਮਾਤੀ, ਨਾਲ ਦੇ ਸਾਥੀ, ਜਾਂ ਸਕੂਲ ਵਿਖੇ ਕਿਸੇ ਹੋਰ ਵਿਅਕਤੀ 'ਤੇ ਲਾਗੂ *ਨਹੀਂ* ਹੁੰਦੀਆਂ ਜੋ ਸੰਸਥਾ ਵਾਸਤੇ ਕਿਸੇ ਅਧਿਕਾਰਿਤ ਸਮਰੱਥਾ ਵਿੱਚ ਕਾਰਜ ਨਾ ਕਰ ਰਿਹਾ ਹੋਵੇ।

ਪਰ ਵਿਹਾਰਕ ਰੂਪ ਵਿੱਚ, ਅਕਸਰ ਜਾਣਕਾਰੀ ਦੇ ਪ੍ਰਵਾਹ ਨੂੰ ਸਕੂਲ ਵਿਖੇ ਕੰਟਰੋਲ ਕਰਨਾ ਮੁਸ਼ਕਿਲ ਹੁੰਦਾ ਹੈ ਅਤੇ ਜੇਕਰ ਪਰਦੇਦਾਰੀ ਦੀ ਉਲੰਘਣਾ ਵਾਪਰਦੀ ਹੈ ਤਾਂ ਕਨੂੰਨੀ ਉਪਚਾਰ ਸੀਮਤ ਹਨ। ਸੂਬਾਈ ਅਤੇ ਖੇਤਰੀ ਪਰਦੇਦਾਰੀ ਕਨੂੰਨ ਕਿਸੇ ਵਿਅਕਤੀ ਵਿਸ਼ੇਸ਼ ਦੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਦੇ ਹਨ, ਜਿਸ ਵਿੱਚ ਅਧਿਕਾਰਿਤ ਸਕੂਲੀ ਰਿਕਾਰਡਾਂ ਵਿੱਚ ਉਹਨਾਂ ਦੀ ਸਿਹਤ ਜਾਣਕਾਰੀ ਵੀ ਸ਼ਾਮਲ ਹੈ। ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੀ ਸਿੱਖਿਆ ਸੰਸਥਾ ਦੁਆਰਾ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਕੀਤੀ ਗਈ ਹੈ, ਤਾਂ ਕਿਸੇ ਵਕੀਲ, ਲੀਗਲ ਕਲੀਨਿਕ ਜਾਂ ਤੁਹਾਡੇ ਸੂਬੇ/ਖਿੱਤੇ ਦੇ ਪਰਦੇਦਾਰੀ ਕਮਿਸ਼ਨਰ ਨਾਲ ਸਲਾਹ ਵਾਸਤੇ ਗੱਲ ਕਰੋ। (ਮਨੀਟੋਬਾ ਵਿੱਚ, ਲੋਕਪਾਲ ਸੂਬੇ ਦਾ ਪਰਦੇਦਾਰੀ ਕਮਿਸ਼ਨਰ ਹੁੰਦਾ ਹੈ।)

ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰਾਂ ਸਬੰਧੀ ਵਧੇਰੇ ਜਾਣਕਾਰੀ ਲਈ, ਇਸ ਲੜੀ ਵਿਚਲੇ ਸਰੋਤ ਦੇਖੋ ਜਿਸਦਾ ਸਿਰਲੇਖ ਹੈ **"ਕਾਰਜ-ਸਥਾਨ ਵਿੱਚ ਭੇਦਭਾਵ ਅਤੇ ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰ"।** ਇਸ ਜਾਣਕਾਰੀ ਵਿੱਚੋਂ ਕਾਫੀ ਸਾਰੀ ਸਿੱਖਿਆ ਦੇ ਸੰਬੰਧ ਵਿੱਚ ਵੀ ਲਾਗੂ ਹੁੰਦੀ ਹੈ।

### 6. ਸਕੂਲ ਵਿਖੇ ਭੇਦਭਾਵ ਅਤੇ ਸਤਾਏ ਜਾਣ ਦੇ ਖਿਲਾਫ ਮੇਰੇ ਕੋਲ ਕੀ ਸੁਰੱਖਿਆ ਹੈ?

ਮਨੁੱਖੀ ਅਧਿਕਾਰਾਂ ਦੇ ਕਨੂੰਨਾਂ ਤਹਿਤ, ਸਕੂਲ ਵਿੱਚ HIV-ਸਬੰਧਿਤ ਭੇਦਭਾਵ ਅਤੇ ਸਤਾਏ ਜਾਣ (ਜਿਸਨੂੰ ਭੇਦਭਾਵ ਦੀ ਇੱਕ ਕਿਸਮ ਸਮਝਿਆ ਜਾਂਦਾ ਹੈ) ਤੋਂ ਤੁਹਾਡੀ ਰੱਖਿਆ ਕੀਤੀ ਜਾਂਦੀ ਹੈ। ਮਨੁੱਖੀ ਅਧਿਕਾਰਾਂ ਸਬੰਧੀ ਜ਼ਾਬਤੇ ਸਰਕਾਰੀ ਅਤੇ ਨਿੱਜੀ ਖੇਤਰ ਦੋਨਾਂ 'ਤੇ ਲਾਗੂ ਹੁੰਦੇ ਹਨ। ਇਸਦਾ ਮਤਲਬ ਇਹ ਹੈ ਕਿ ਸਿੱਖਿਆ ਸੰਸਥਾਵਾਂ ਇਸਦੇ ਦਾਇਰੇ ਵਿੱਚ ਆਉਂਦੀਆਂ ਹਨ।

ਸੰਘੀ ਅਧਿਕਾਰ-ਖੇਤਰ ਵਿੱਚ, ਅਤੇ ਹਰੇਕ ਸੂਬੇ ਅਤੇ ਖਿੱਤੇ ਵਿੱਚ, ਇੱਕ ਮਨੁੱਖੀ ਅਧਿਕਾਰ ਕਨੂੰਨ ਹੈ ਜੋ ਸਿੱਖਿਆ ਸੰਸਥਾਵਾਂ 'ਤੇ ਲਾਗੂ ਹੋਵੇਗਾ। ਜ਼ਿਆਦਾਤਰ ਅਧਿਕਾਰ-ਖੇਤਰਾਂ ਵਿੱਚ, ਲਾਗੂ ਹੋਣ ਵਾਲਾ ਮਨੁੱਖੀ ਅਧਿਕਾਰ ਕਮਿਸ਼ਨ ਉਹਨਾਂ ਲੋਕਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ ਜੋ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਨਾਲ ਭੇਦਭਾਵ ਹੋਇਆ ਹੈ। ਬਹੁਤ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਵਿਚੋਲਗਿਰੀ ਰਾਹੀਂ ਕੀਤਾ ਜਾਂਦਾ ਹੈ। ਜੇ ਵਿਚੋਲਗਿਰੀ ਦੀਆਂ ਕੋਸ਼ਿਸ਼ਾਂ ਅਸਫਲ ਰਹਿੰਦੀਆਂ ਹਨ, ਤਾਂ ਕਮਿਸ਼ਨ ਫੈਸਲਾ ਕਰੇਗਾ ਕਿ ਕੀ ਕੇਸ ਨੂੰ ਸੁਣਵਾਈ ਵਾਸਤੇ ਕਿਸੇ ਮਨੁੱਖੀ ਅਧਿਕਾਰਾਂ ਸਬੰਧੀ ਟ੍ਰਿਬਿਊਨਲ ਕੋਲ ਭੇਜਣਾ ਹੈ। ਜੇ ਕਮਿਸ਼ਨ ਕੇਸ ਨੂੰ ਕਿਸੇ ਟ੍ਰਿਬਿਊਨਲ ਕੋਲ ਨਾ ਭੇਜਣ ਦਾ ਫੈਸਲਾ ਕਰਦਾ ਹੈ, ਤਾਂ ਇਹ ਸ਼ਿਕਾਇਤ ਦੀ ਸਮਾਪਤੀ ਹੋਵੇਗੀ।

ਹਰੇਕ ਸੂਬੇ/ਖਿੱਤੇ ਵਿੱਚ ਉਪਲਬਧ ਪ੍ਰਕਿਰਿਆਵਾਂ ਅਤੇ ਸੇਵਾਵਾਂ ਵੱਖੋ-ਵੱਖ ਹੁੰਦੀਆਂ ਹਨ; ਇਸ ਲਈ ਵਿਸਤਰਿਤ ਜਾਣਕਾਰੀ ਵਾਸਤੇ ਉਚਿਤ ਕਮਿਸ਼ਨ ਨਾਲ ਸੰਪਰਕ ਕਰੋ। ਬ੍ਰਿਟਿਸ਼ ਕੋਲੰਬੀਆ, ਓਨਟੈਰੀਓ ਅਤੇ ਨੂਨਾਵੁਟ ਵਿੱਚ, ਸ਼ਿਕਾਇਤਾਂ ਸਿੱਧੀਆਂ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਦਾਇਰ ਕੀਤੀਆਂ ਜਾਂਦੀਆਂ ਹਨ, ਨਾ ਕਿ ਕਮਿਸ਼ਨ ਕੋਲ।

ਨੋਟ ਕਰੋ ਕਿ ਆਮ ਤੌਰ ’ਤੇ ਇੱਕ “ਸੀਮਾ ਮਿਆਦ” ਹੁੰਦੀ ਹੈ ਜਿਸਦਾ ਮਤਲਬ ਇਹ ਹੈ ਕਿ ਤੁਹਾਨੂੰ ਆਪਣੀ ਸ਼ਿਕਾਇਤ ਲਾਜ਼ਮੀ ਤੌਰ ’ਤੇ ਭੇਦਭਾਵ ਵਾਪਰਨ ਤੋਂ ਲੈਕੇ ਇੱਕ ਵਿਸ਼ੇਸ਼ ਸਮਾਂ ਮਿਆਦ ਅੰਦਰ ਦਾਇਰ ਕਰਨੀ ਚਾਹੀਦੀ ਹੈ। ਅਕਸਰ ਇਹ ਮਿਆਦ ਇੱਕ ਸਾਲ ਹੁੰਦੀ ਹੈ, ਪਰ ਸਬੰਧਿਤ ਕਮਿਸ਼ਨ ਕੋਲੋਂ ਪੜਤਾਲ ਕਰੋ।

ਕਿਸੇ ਮਨੁੱਖੀ ਅਧਿਕਾਰਾਂ ਸਬੰਧੀ ਸ਼ਿਕਾਇਤ ਨੂੰ ਦਾਇਰ ਕਰਾਉਣਾ ਮੁਫ਼ਤ ਹੈ। ਤੁਹਾਡੀ ਪ੍ਰਤੀਨਿਧਤਾ ਕਰਨ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੁੰਦੀ, ਹਾਲਾਂਕਿ ਤੁਸੀਂ ਕੋਈ ਵਕੀਲ ਕਰਨ ਦੀ ਚੋਣ ਕਰ ਸਕਦੇ ਹੋ। ਜੇ ਤੁਸੀਂ ਕਿਸੇ ਵਕੀਲ ਦੀਆਂ ਸੇਵਾਵਾਂ ਲੈਂਦੇ ਹੋ, ਤਾਂ ਇਹ ਤਦ ਤੱਕ ਤੁਹਾਡੇ ਖ਼ਰਚੇ ’ਤੇ ਹੋਣਗੀਆਂ ਜਦ ਤੱਕ ਤੁਸੀਂ ਕਿਸੇ ਲੀਗਲ ਕਲੀਨਿਕ ਜਾਂ ਹੋਰ ਕਨੂੰਨੀ ਸਹਾਇਤਾ ਸੇਵਾ ਰਾਹੀਂ ਮੁਫ਼ਤ ਸੇਵਾਵਾਂ ਹਾਸਲ ਕਰਨ ਦੇ ਯੋਗ ਨਹੀਂ ਹੋ ਜਾਂਦੇ। ਜਿਸ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਤੁਸੀਂ ਸੰਪਰਕ ਕਰਦੇ ਹੋ, ਉਹ ਉਪਲਬਧ ਹੋ ਸਕਦੇ ਇਸ ਕਿਸਮ ਦੇ ਸਰੋਤਾਂ ਦਾ ਸੁਝਾਅ ਦੇ ਸਕਦਾ ਹੈ।

ਯਾਦ ਰੱਖੋ ਕਿ ਕਈ ਵਿਭਿੰਨ ਲੋਕ ਅਤੇ ਸੰਸਥਾਵਾਂ ਤੁਹਾਨੂੰ ਜਾਣਕਾਰੀ ਅਤੇ ਸਮਰਥਨ ਪ੍ਰਦਾਨ ਕਰਾ ਸਕਦੇ ਹਨ, ਪਰ *ਕੇਵਲ* ਇੱਕ ਵਕੀਲ ਹੀ ਤੁਹਾਨੂੰ ਤੁਹਾਡੀ ਵਿਅਕਤੀਗਤ ਪ੍ਰਸਥਿਤੀ ਵਾਸਤੇ ਵਿਸ਼ੇਸ਼ ਕਨੂੰਨੀ ਸਲਾਹ ਦੇ ਸਕਦਾ ਹੈ।

ਜੇ ਤੁਹਾਡੀ ਪੋਸਟ-ਸੈਕੰਡਰੀ ਸੰਸਥਾ ਵਿਖੇ ਤੁਹਾਨੂੰ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਇਸ ਲੜੀ ਵਿਚਲੇ ਸਰੋਤ ਨੂੰ ਦੇਖੋ ਜਿਸਦਾ ਸਿਰਲੇਖ ਹੈ **“ਕਾਰਜ-ਸਥਾਨ ਵਿੱਚ ਭੇਦਭਾਵ ਅਤੇ ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰ”**। ਇਸ ਵਿਚਲੀ ਕਾਫੀ ਸਾਰੀ ਜਾਣਕਾਰੀ ਸਿੱਖਿਆ ਦੇ ਸੰਦਰਭ ਵਿੱਚ ਵੀ ਲਾਗੂ ਹੁੰਦੀ ਹੈ। ਤੁਹਾਡੀ ਆਪਣੀ ਨਿੱਜੀ ਪ੍ਰਸਥਿਤੀ ਬਾਰੇ ਕਿਸੇ ਵਕੀਲ ਜਾਂ ਲੀਗਲ ਕਲੀਨਿਕ ਕੋਲੋਂ ਕਨੂੰਨੀ ਸਲਾਹ ਲਓ।

## 7. ਜੇ ਮੈਨੂੰ ਸਕੂਲ ਵਿਖੇ ਭੇਦਭਾਵ ਦਾ ਤਜ਼ਰਬਾ ਹੁੰਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਸਕੂਲ ਵਿੱਚ ਤੁਹਾਨੂੰ ਭੇਦਭਾਵ ਜਾਂ ਸਤਾਏ ਜਾਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਤੁਹਾਨੂੰ ਵਾਪਰ ਰਹੀਆਂ ਚੀਜ਼ਾਂ ਦਾ ਇੱਕ ਰਿਕਾਰਡ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਸੰਭਵ ਹੋਵੇ, ਤਾਂ ਤੁਹਾਡੇ ਨੋਟ-ਕਥਨਾਂ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:

- ਘਟਨਾ(ਵਾਂ) ਦੀ ਤਾਰੀਖ਼;
- ਘਟਨਾ(ਵਾਂ) ਦਾ ਵਰਣਨ;
- ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ, ਜੇ ਕੋਈ ਹਨ;
- ਤੁਹਾਨੂੰ ਕੀ ਕਿਹਾ ਗਿਆ ਸੀ ਜਾਂ ਤੁਹਾਡੇ ਨਾਲ ਕੀ ਕੀਤਾ ਗਿਆ ਸੀ ਅਤੇ ਤੁਸੀਂ ਕਿਵੇਂ ਪ੍ਰਤੀਕਿਰਿਆ ਦਿਖਾਈ; ਅਤੇ
- ਸਾਰੀਆਂ ਸਬੰਧਿਤ ਈਮੇਲਾਂ, ਲਿਖਤੀ ਸੰਦੇਸ਼ਾਂ, ਸ਼ੋਸ਼ਲ ਮੀਡੀਆ 'ਤੇ ਪੋਸਟਿੰਗਾਂ (ਉਦਾਹਰਨ ਲਈ ਫੇਸਬੁੱਕ, ਟਵਿੱਟਰ), ਪੱਤਰਾਂ ਅਤੇ ਦਸਤਾਵੇਜ਼ਾਂ ਦੀਆਂ ਨਕਲਾਂ।

ਕਈ ਵਾਰੀ, ਭੇਦਭਾਵ ਲਈ ਜਿੰਮੇਵਾਰ ਵਿਅਕਤੀ ਦੇ ਰੂਬਰੂ ਹੋਣਾ ਪ੍ਰਸਥਿਤੀ ਨੂੰ ਹੱਲ ਕਰ ਸਕਦਾ ਹੈ। ਤੁਸੀਂ ਮਾਮਲੇ ਨੂੰ ਕਿਸੇ ਸੁਪਰਵਾਈਜ਼ਰ, ਪ੍ਰੋਫੈਸਰ/ਅਧਿਆਪਕ ਜਾਂ ਡੀਨ ਦੇ ਧਿਆਨ ਵਿੱਚ ਲਿਆ ਸਕਦੇ ਹੋ, ਕਿਉਂਕਿ ਇਹ ਯਕੀਨੀ ਬਣਾਉਣ ਲਈ ਕਦਮ ਉਠਾਉਣਾ ਸਕੂਲ ਦੀ ਜਿੰਮੇਵਾਰੀ ਹੈ ਕਿ ਵਿਦਿਆਰਥੀ ਓਥੇ ਭੇਦਭਾਵ ਦਾ ਸਾਹਮਣਾ ਨਹੀਂ ਕਰਦੇ। ਜੇ ਤੁਸੀਂ ਅਜਿਹੀਆਂ ਕਾਰਵਾਈਆਂ ਕਰਨ ਦਾ ਫੈਸਲਾ ਕਰਦੇ ਹੋ ਤਾਂ ਹੋ ਸਕਦਾ ਹੈ ਤੁਹਾਡੀ ਸਥਾਨਕ ਏਡਜ਼-ਸੇਵਾ ਸੰਸਥਾ ਵਿਭਿੰਨ ਵਿਕਲਪਾਂ 'ਤੇ ਵਿਚਾਰ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਤੁਹਾਡਾ ਸਮਰਥਨ ਕਰਨ ਦੇ ਯੋਗ ਹੋਵੇ।

ਮਨੁੱਖੀ ਅਧਿਕਾਰਾਂ ਸਬੰਧੀ ਸ਼ਿਕਾਇਤ ਦੀ ਸ਼ੁਰੂਆਤ ਕਰਨ ਵਾਸਤੇ ਅਤੇ ਹੋਰ ਸਿਫਾਰਸ਼ਾਂ ਲਈ ਤੁਸੀਂ ਉਚਿਤ ਸੂਬਾਈ ਜਾਂ ਖੇਤਰੀ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ। ਤੁਹਾਡੀ ਵਿਸ਼ੇਸ਼ ਪ੍ਰਸਥਿਤੀ ਬਾਰੇ ਕਨੂੰਨੀ ਸਲਾਹ ਵਾਸਤੇ ਤੁਸੀਂ ਕਿਸੇ ਵਕੀਲ ਨਾਲ ਸੰਪਰਕ ਕਰਨ ਦੀ ਚੋਣ ਵੀ ਕਰ ਸਕਦੇ ਹੋ। ਭੇਦਭਾਵ ਨੂੰ ਰੋਕਣ ਦੀ ਕੋਸ਼ਿਸ਼ ਵਜੋਂ, ਵਕੀਲ ਤੁਹਾਡੇ ਵੱਲੋਂ ਤੁਹਾਡੇ ਕਾਲਜ, ਯੂਨੀਵਰਸਿਟੀ ਜਾਂ ਸਕੂਲ ਨਾਲ ਸੰਪਰਕ ਕਰ ਸਕਦਾ ਹੈ।

## ਵਧੇਰੇ ਜਾਣਕਾਰੀ ਵਾਸਤੇ

*The Charter in the Classroom: Students, Teachers and Rights* , "Concept 8: Equality — Accommodation of Difference" ਅਤੇ "Concept 9: Equality — Protection from Discrimination." ਆਨਲਾਈਨ: www.thecharterrules.ca.

The National Educational Association of Disabled Students (NEADS): www.neads.ca.

ਓਨਟੈਰੀਓ ਹਿਊਮਨ ਰਾਈਟਸ ਕਮਿਸ਼ਨ, "Guidelines on Accessible Education" (2004; ਸੋਧਿਆ 2009). ਆਨਲਾਈਨ: www.ohrc.on.ca.

College of Physicians & Surgeons of Ontario, "Blood-borne Pathogens", Policy #3–12 (1998, revised 2005, 2012). ਆਨਲਾਈਨ: www.cpso.on.ca ("Policies").

**ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕਨੂੰਨ ਬਾਰੇ ਜਾਣਕਾਰੀ ਹੈ, ਪਰ ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਵਾਸਤੇ, ਕਿਰਪਾ ਕਰਕੇ ਆਪਣੇ ਖੇਤਰ ਵਿੱਚ ਕਿਸੇ ਵਕੀਲ ਨਾਲ ਸੰਪਰਕ ਕਰੋ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਧਿਕਾਰਾਂ ਬਾਬਤ ਅੱਠ ਕਿਤਾਬਚਿਆਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਕਿਤਾਬਚੇ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟwww.aidslaw.ca'ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ ਜਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰinfo@aidslaw.ca'ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013